Punjabi – Tell us what you think

# ਸਾਨੂੰ ਦੱਸੋ ਤੁਹਾਨੂੰ ਕੀ ਲਗਦਾ ਹੈ

Mercy Health
Care first

**Mercy Health ਉਨ੍ਹਾਂ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ ਜੋ ਇਹ ਆਪਣੇ ਮਰੀਜ਼ਾਂ ਨੂੰ ਪ੍ਰਦਾਨ ਕਰਦਾ ਹੈ। ਤੁਹਾਡੇ ਵਿਚਾਰ ਸੁਣਨ ਵਿੱਚ ਸਾਡੀ ਮਦਦ ਕਰਨ ਲਈ, ਅਸੀਂ ਤੁਹਾਨੂੰ ਮਰੀਜ਼ ਅਨੁਭਵ ਸਰਵੇਖਣ ਵਿੱਚ ਹਿੱਸਾ ਲੈਣ ਲਈ ਸੱਦਾ ਦੇ ਰਹੇ ਹਾਂ। ਤੁਹਾਡੇ ਜਵਾਬ ਸਾਨੂੰ ਇਸ ਬਾਰੇ ਮਾਰਗਦਰਸ਼ਨ ਕਰਨਗੇ ਕਿ ਅਸੀਂ ਕਿਹੜੇ ਕੰਮ ਵਧੀਆ ਤਰੀਕਾ ਨਾਲ ਕਰਦੇ ਹਾਂ ਅਤੇ ਕਿਹੜੇ ਕੰਮਾਂ ਵਿੱਚ ਸੁਧਾਰ ਕਰਨ ਦੀ ਲੋੜ ਹੈ।**

## ਇਹ ਸਰਵੇਖਣ ਮਹੱਤਵਪੂਰਨ ਕਿਉਂ ਹੈ?

ਸਾਡੇ ਮਰੀਜ਼ਾਂ ਤੋਂ ਸਿੱਧੇ ਤੌਰ 'ਤੇ ਸਮੇਂ ਸਿਰ ਉਨ੍ਹਾਂ ਦੇ ਵਿਚਾਰ ਜਾਣਨਾ ਬਹੁਤ ਮਹੱਤਵਪੂਰਨ ਹੈ। ਸਰਵੇਖਣ ਸਵਾਲਾਂ ਦੇ ਤੁਹਾਡੇ ਜਵਾਬ ਸਾਨੂੰ ਉਨ੍ਹਾਂ ਖੇਤਰਾਂ ਦੀ ਪਛਾਣ ਕਰਨ ਅਤੇ ਉਨ੍ਹਾਂ 'ਤੇ ਕਾਰਵਾਈ ਕਰਨ ਵਿੱਚ ਮਦਦ ਕਰਨਗੇ ਜਿਨ੍ਹਾਂ ਵਿੱਚ ਸਾਨੂੰ ਸੁਧਾਰ ਕਰਨ ਦੀ ਲੋੜ ਹੈ। ਤੁਹਾਡੇ ਜਵਾਬ ਅਸਲ-ਸਮੇਂ ਵਿੱਚ (ਭਾਵ ਜਲਦੀ) ਪ੍ਰਾਪਤ ਕਰਨ ਨਾਲ, ਸਾਨੂੰ ਉਨ੍ਹਾਂ ਖੇਤਰਾਂ 'ਤੇ ਤੇਜ਼ੀ ਨਾਲ ਕਾਰਵਾਈ ਕਰਨ ਦੀ ਯੋਗਤਾ ਮਿਲਦੀ ਹੈ ਜਿਨ੍ਹਾਂ ਨੂੰ ਠੀਕ ਕੀਤੇ ਜਾਣ ਦੀ ਲੋੜ ਹੈ। ਇਸਦਾ ਮਤਲਬ ਹੈ ਸਾਰਿਆਂ ਲਈ ਬਿਹਤਰ ਸਿਹਤ ਨਤੀਜੇ ਅਤੇ ਅਨੁਭਵ।

## Mercy Health ਸਰਵੇਖਣ ਦੇ ਜਵਾਬਾਂ ਨਾਲ ਕੀ ਕਰੇਗਾ?

ਤੁਹਾਡੇ ਸਰਵੇਖਣ ਦੇ ਜਵਾਬ **ਗੁਮਨਾਮ** ਹਨ, ਬਸ਼ਰਤੇ ਤੁਸੀਂ ਸਰਵੇਖਣ ਵਿੱਚ ਆਪਣੀ ਪਛਾਣ ਨਹੀਂ ਕਰਨਾ ਚਾਹੁੰਦੇ ਹੋ। ਤੁਹਾਡੇ ਜਵਾਬ ਜਮ੍ਹਾਂ ਹੁੰਦੇ ਹੀ ਉਹ ਸਾਡੇ ਲਈ ਉਪਲਬਧ ਹੋ ਜਾਣਗੇ। ਅਸੀਂ ਇਹ ਦੇਖਣ ਲਈ ਰੋਜ਼ਾਨਾ ਨਤੀਜਿਆਂ 'ਤੇ ਨਜ਼ਰ ਮਾਰਾਂਗੇ ਕਿ ਅਸੀਂ ਕਿਹੜੇ ਕੰਮ ਵਧੀਆ ਤਰੀਕੇ ਨਾਲ ਕਰਦੇ ਹਾਂ ਅਤੇ ਅਸੀਂ ਕੀ ਸੁਧਾਰ ਸਕਦੇ ਹਾਂ।

ਸਾਡਾ ਸਟਾਫ਼ ਅਤੇ ਸੁਧਾਰ ਟੀਮਾਂ ਸਾਡੇ ਵੱਲੋਂ ਦੇਖੇ ਗਏ ਨਤੀਜਿਆਂ ਦੇ ਆਧਾਰ 'ਤੇ ਸਾਡੀ ਸੇਵਾ ਨੂੰ ਬਿਹਤਰ ਬਣਾਉਣ ਲਈ ਮਿਲ ਕੇ ਕੰਮ ਕਰਨਗੀਆਂ। ਕੁਝ ਸੁਧਾਰ ਜਲਦੀ ਹੋਣਗੇ। ਦੂਜੇ ਸੁਧਾਰ, ਜੋ ਵੱਧ ਪੇਚੀਦੇ ਹਨ, ਉਨ੍ਹਾਂ ਨੂੰ ਪੂਰਾ ਕਰਨ ਵਿੱਚ ਵੱਧ ਸਮਾਂ ਲਗ ਸਕਦਾ ਹੈ।

## ਸਰਵੇਖਣ ਵਿੱਚ ਹਿੱਸਾ ਲੈਣ ਲਈ ਕਿਸਨੂੰ ਸੱਦਾ ਦਿੱਤਾ ਗਿਆ ਹੈ?

ਜ਼ਿਆਦਾਤਰ ਮਰੀਜ਼ ਜਿਨ੍ਹਾਂ ਨੇ ਸਾਨੂੰ ਆਪਣਾ ਈਮੇਲ ਪਤਾ ਦਿੱਤਾ ਹੈ, ਉਨ੍ਹਾਂ ਨੂੰ ਡਿਸਚਾਰਜ ਕੀਤੇ ਜਾਣ ਜਾਂ ਅਪਾਇੰਟਮੈਂਟ ਮੁਲਾਕਾਤ ਤੋਂ ਕੁਝ ਦਿਨਾਂ ਬਾਅਦ ਸਰਵੇਖਣ ਸੱਦਾ ਪ੍ਰਾਪਤ ਹੋਵੇਗਾ। ਕੁਝ ਮਰੀਜ਼, ਜੋ ਸਾਡੇ ਹਸਪਤਾਲ ਦੇ ਵੱਖ-ਵੱਖ ਖੇਤਰਾਂ ਵਿੱਚ ਰਹੇ ਹਨ, ਉਨ੍ਹਾਂ ਨੂੰ ਦੋ ਸਰਵੇਖਣਾਂ ਲਈ ਈਮੇਲ ਸੱਦੇ ਪ੍ਰਾਪਤ ਹੋ ਸਕਦੇ ਹਨ।

ਜੇਕਰ ਤੁਹਾਨੂੰ ਈਮੇਲ(ਆਂ) ਪ੍ਰਾਪਤ ਹੁੰਦੀਆਂ ਹਨ, ਤਾਂ ਅਸੀਂ ਤੁਹਾਨੂੰ ਲਿੰਕ 'ਤੇ ਕਲਿੱਕ ਕਰਨ ਅਤੇ ਸਵਾਲਾਂ ਨੂੰ ਪੂਰਾ ਕਰਕੇ ਆਪਣਾ ਅਨੁਭਵ ਸਾਂਝਾ ਕਰਨ ਲਈ ਸੱਦਾ ਦਿੰਦੇ ਹਾਂ।

ਨਵੰਬਰ 2024 ਨੂੰ ਪ੍ਰਕਾਸ਼ਿਤ
ਪ੍ਰੋਂਪਟ ਦਸਤਾਵੇਜ਼ ਨੰਬਰ: <#doc num



Community Reviewed – Making information easier to read.


ਇਹ ਦਸਤਾਵੇਜ਼ ਸਿਰਫ਼ ਆਮ ਜਾਣਕਾਰੀ ਪ੍ਰਦਾਨ ਕਰਦਾ ਹੈ ਅਤੇ ਕਿਸੇ ਯੋਗ ਪ੍ਰੈਕਟੀਸ਼ਨਰ ਵਲੋਂ ਤੁਹਾਡੀ ਸਿਹਤ ਬਾਰੇ ਦਿੱਤੀ ਸਲਾਹ ਨੂੰ ਬਦਲਣ ਦੇ ਇਰਾਦੇ ਵਜੋਂ ਨਹੀਂ ਹੈ।
ਜੇਕਰ ਤੁਸੀਂ ਆਪਣੀ ਸਿਹਤ ਬਾਰੇ ਚਿੰਤਤ ਹੋ, ਤਾਂ ਤੁਹਾਨੂੰ ਕਿਸੇ ਯੋਗਤਾ ਪ੍ਰਾਪਤ ਪ੍ਰੈਕਟੀਸ਼ਨਰ ਤੋਂ ਸਲਾਹ ਲੈਣੀ ਚਾਹੀਦੀ ਹੈ।



## ਇਹ ਕਿਵੇਂ ਯਕੀਨੀ ਬਣਾਇਆ ਜਾਵੇ ਕਿ ਤੁਹਾਨੂੰ ਅਨੁਭਵ ਸਰਵੇਖਣ ਲਈ ਸੱਦਾ ਮਿਲਦਾ ਹੈ?

ਜਦੋਂ ਤੁਸੀਂ ਸਾਡੇ ਨਾਲ ਹੁੰਦੇ ਹੋ, ਭਾਵੇਂ ਇੱਕ ਇਨਪੇਸ਼ੈਂਟ ਜਾਂ ਆਊਟਪੇਸ਼ੈਂਟ ਵਜੋਂ, ਤਾਂ ਸਟਾਫ਼ ਨੂੰ ਤੁਹਾਡੇ ਸੰਪਰਕ ਵੇਰਵਿਆਂ ਦੀ ਜਾਂਚ ਕਰਨ ਲਈ ਕਹੋ। **ਸਾਨੂੰ ਆਪਣਾ ਮੌਜੂਦਾ ਈਮੇਲ ਪਤਾ ਦੇਣਾ ਬਹੁਤ ਮਹੱਤਵਪੂਰਨ ਹੈ।** ਅਜਿਹਾ ਕਰਨ ਨਾਲ ਇਹ ਯਕੀਨੀ ਹੋ ਜਾਂਦਾ ਹੈ ਕਿ ਤੁਹਾਨੂੰ ਸਿੱਧੇ ਆਪਣੇ ਇਨਬਾਕਸ ਵਿੱਚ ਇੱਕ ਈਮੇਲ ਸੱਦਾ ਪ੍ਰਾਪਤ ਹੁੰਦਾ ਹੈ।

ਯਾਦ ਰੱਖੋ, ਇਹ ਮਹੱਤਵਪੂਰਨ ਹੈ ਕਿ ਤੁਸੀਂ ਇਸ ਬਾਰੇ ਆਪਣੀ ਰਾਇ ਦਿਓ ਕਿ ਅਸੀਂ ਕਿਹੜੇ ਕੰਮ ਵਧੀਆ ਤਰੀਕੇ ਨਾਲ ਕੀਤੇ ਅਤੇ ਅਸੀਂ ਕੀ ਬਿਹਤਰ ਕਰ ਸਕਦੇ ਹਾਂ। ਤੁਹਾਡੇ ਜਵਾਬ ਸਾਨੂੰ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਅਸੀਂ ਉਸ ਚੀਜ਼ 'ਤੇ ਕੰਮ ਕਰ ਰਹੇ ਹਾਂ ਜੋ **ਤੁਹਾਡੇ** ਅਤੇ ਸਾਡੇ ਸਾਰੇ ਮਰੀਜ਼ਾਂ ਲਈ **ਸਭ ਤੋਂ ਮਹੱਤਵਪੂਰਨ** ਹੈ।



Mercy Health
Care first

Dear Mr/Mrs/Ms./Mx

Mercy Health is committed to improving the services we deliver and we invite you to share your experience by completing this survey.

Your survey responses are de-identified and will guide us on what we do well and what needs to improve. Working together ensures we improve services for patients and their families.

Please take a few minutes of your time to complete the online survey via the "Start survey" button below. The full survey will take about 10 minutes to complete.

It is important to note:

- If you need urgent attention, please call **000** or visit your closest emergency department.
- Your survey feedback does not replace our compliments and complaints process. If you wish to make a formal complaint/compliment about your healthcare experience, please click here.

Start survey

Your responses will be required by DD/MM/YYYY.

If you are unable to complete the survey, a family member or friend may help you. Your answers will help us to improve our services.

Thank you and we look forward to receiving your feedback.

Yours sincerely
Mercy Health

**Sent by Insync on behalf of MERCY HEALTH**
**Phone:** +61 7 5560 7400
**Email:** surveys@insync.com.au
If you experience any technical difficulties, please contact the Insync Help Line above.

## ਤੁਸੀਂ ਆਪਣੇ ਈਮੇਲ ਸੱਦੇ ਨੂੰ ਕਿਵੇਂ ਪਛਾਣੋਗੇ?

ਸਪੈਮ ਅਤੇ ਫਿਸ਼ਿੰਗ ਦੀ ਦੁਨੀਆਂ ਵਿੱਚ ਅਸੀਂ ਸਮਝਦੇ ਹਾਂ ਕਿ ਇਹ ਜਾਣਨਾ ਕਿੰਨਾ ਔਖਾ ਹੈ ਕਿ ਕਿਹੜੀਆਂ ਈਮੇਲਾਂ ਨੂੰ ਖੋਲ੍ਹਣਾ ਅਤੇ ਪੜ੍ਹਨਾ ਸੁਰੱਖਿਅਤ ਹੈ।

ਸਾਡੀ ਈਮੇਲ ਨੂੰ ਸੁਰੱਖਿਅਤ ਵਜੋਂ ਪਛਾਣਨ ਵਿੱਚ ਤੁਹਾਡੀ ਮਦਦ ਕਰਨ ਲਈ, ਤੁਸੀਂ ਦੇਖੋਗੇ ਕਿ ਇਹ 'Insync' ਨਾਮਕ ਸੈਂਡਰ (ਭੇਜਣ ਵਾਲੇ) ਤੋਂ ਆਉਂਦੀ ਹੈ। ਈਮੇਲ ਸੱਦਾ ਇਸ ਤਰ੍ਹਾਂ ਦਿੱਖੇਗਾ।


## ਤੁਹਾਨੂੰ ਈਮੇਲ ਸੱਦਾ ਕਦੋਂ ਮਿਲੇਗਾ?

ਸਰਵੇਖਣ ਵਿੱਚ ਹਿੱਸਾ ਲੈਣ ਲਈ ਤੁਹਾਡਾ ਸੱਦਾ ਤੁਹਾਨੂੰ ਡਿਸਚਾਰਜ ਕੀਤੇ ਜਾਣ ਜਾਂ ਤੁਹਾਡੀ ਮੁਲਾਕਾਤ 'ਤੇ ਤੁਹਾਨੂੰ ਦੇਖੇ ਜਾਣ ਤੋਂ ਕੁਝ ਦਿਨਾਂ ਤੋਂ ਲੈ ਕੇ ਦੋ ਹਫ਼ਤਿਆਂ ਬਾਅਦ ਤਕ ਆ ਜਾਵੇਗਾ।

ਨਵੰਬਰ 2024 ਨੂੰ ਪ੍ਰਕਾਸ਼ਿਤ
ਪ੍ਰੋਂਪਟ ਦਸਤਾਵੇਜ਼ ਨੰਬਰ: <#doc_num



ਇਹ ਦਸਤਾਵੇਜ਼ ਸਿਰਫ਼ ਆਮ ਜਾਣਕਾਰੀ ਪ੍ਰਦਾਨ ਕਰਦਾ ਹੈ ਅਤੇ ਕਿਸੇ ਯੋਗ ਪ੍ਰੈਕਟੀਸ਼ਨਰ ਵਲੋਂ ਤੁਹਾਡੀ ਸਿਹਤ ਬਾਰੇ ਦਿੱਤੀ ਸਲਾਹ ਨੂੰ ਬਦਲਣ ਦੇ ਇਰਾਦੇ ਵਜੋਂ ਨਹੀਂ ਹੈ। ਜੇਕਰ ਤੁਸੀਂ ਆਪਣੀ ਸਿਹਤ ਬਾਰੇ ਚਿੰਤਤ ਹੋ, ਤਾਂ ਤੁਹਾਨੂੰ ਕਿਸੇ ਯੋਗਤਾ ਪ੍ਰਾਪਤ ਪ੍ਰੈਕਟੀਸ਼ਨਰ ਤੋਂ ਸਲਾਹ ਲੈਣੀ ਚਾਹੀਦੀ ਹੈ।




## ਕੀ ਸਰਵੇਖਣ ਪੂਰਾ ਕਰਨਾ ਆਸਾਨ ਹੈ?

ਸਰਵੇਖਣ ਦਾ ਲਿੰਕ ਤੁਹਾਡੇ ਈਮੇਲ ਸੱਦੇ ਵਿੱਚ ਸ਼ਾਮਲ ਹੈ। ਜਦੋਂ ਤੁਸੀਂ '**Start Survey**' ਬਟਨ ਤੇ ਕਲਿਕ ਕਰਦੇ ਹੋ, ਤਾਂ ਇਹ ਤੁਹਾਨੂੰ ਸਿੱਧੇ ਸਰਵੇਖਣ ਦੇ ਸਵਾਲਾਂ 'ਤੇ ਲੈ ਜਾਵੇਗਾ। ਇਸ ਸਰਵੇਖਣ ਨੂੰ ਪੂਰਾ ਕਰਨ ਵਿੱਚ ਲਗਭਗ 10 ਮਿੰਟ ਲੱਗਦੇ ਹਨ ਅਤੇ ਇਹ **ਕਈ ਭਾਸ਼ਾਵਾਂ ਵਿੱਚ ਉਪਲਬਧ** ਹੈ।

ਤੁਸੀਂ ਆਪਣਾ ਸਰਵੇਖਣ ਕੰਪਿਊਟਰ, ਟੈਬਲੇਟ ਜਾਂ ਮੋਬਾਈਲ ਫੋਨ 'ਤੇ ਕਰਨਾ ਚੁਣ ਸਕਦੇ ਹੋ ਅਤੇ ਇਹ ਸਕ੍ਰੀਨ ਰੀਡਰ ਦੇ ਅਨੁਕੂਲ ਵੀ ਹੈ।

## ਜੇਕਰ ਤੁਸੀਂ ਸਰਵੇਖਣ ਪੂਰਾ ਨਹੀਂ ਕਰਦੇ ਤਾਂ ਕੀ ਹੋਵੇਗਾ?

ਤੁਹਾਡੀ ਦੇਖਭਾਲ ਵਿੱਚ ਕੋਈ ਫਰਕ ਨਹੀਂ ਪੈਂਦਾ ਹੈ ਭਾਵੇਂ ਤੁਸੀਂ ਸਰਵੇਖਣ ਪੂਰਾ ਕਰਨ ਦਾ ਫੈਸਲਾ ਲੈਂਦੇ ਹੋ ਜਾਂ ਨਹੀਂ। ਤੁਹਾਡਾ ਫੀਡਬੈਕ ਸਾਡੇ ਲਈ ਮਹੱਤਵਪੂਰਨ ਹੈ ਅਤੇ ਸਾਡਾ ਮੰਨਣਾ ਹੈ ਕਿ ਲੋਕਾਂ ਨੂੰ ਆਪਣੇ ਵਿਚਾਰ ਦੱਸਣ ਲਈ ਇੱਕ ਤੋਂ ਵੱਧ ਮੌਕੇ ਮਿਲਣੇ ਚਾਹੀਦੇ ਹਨ। ਜੇਕਰ ਤੁਸੀਂ ਆਪਣੇ ਪਹਿਲੇ ਸਰਵੇਖਣ ਨੂੰ ਪੂਰਾ ਨਹੀਂ ਕਰਦੇ ਹੋ, ਤਾਂ ਤੁਹਾਨੂੰ ਇੱਕ ਰੀਮਾਈਂਡਰ ਸਰਵੇਖਣ ਪ੍ਰਾਪਤ ਹੋਵੇਗਾ।

## ਵਧੇਰੇ ਜਾਣਕਾਰੀ ਲਈ

ਜੇਕਰ ਮਰੀਜ਼ ਅਨੁਭਵ ਸਰਵੇਖਣ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਈਮੇਲ ਕਰੋ: SurveyExperience@mercy.com.au

ਐਮਰਜੈਂਸੀ ਦੀ ਸਥਿਤੀ ਵਿੱਚ, ਕਿਰਪਾ ਕਰਕੇ ਐਂਬੂਲੈਂਸ ਲਈ **000** ਡਾਇਲ ਕਰੋ ਜਾਂ ਆਪਣੇ ਨਜ਼ਦੀਕੀ Mercy Health ਜਾਂ ਕਿਸੇ ਹੋਰ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਜਾਓ।


ਨਵੰਬਰ 2024 ਨੂੰ ਪ੍ਰਕਾਸ਼ਿਤ
ਪ੍ਰੋਂਪਟ ਦਸਤਾਵੇਜ਼ ਨੰਬਰ: <#doc_num





ਇਹ ਦਸਤਾਵੇਜ਼ ਸਿਰਫ਼ ਆਮ ਜਾਣਕਾਰੀ ਪ੍ਰਦਾਨ ਕਰਦਾ ਹੈ ਅਤੇ ਕਿਸੇ ਯੋਗ ਪ੍ਰੈਕਟੀਸ਼ਨਰ ਵਲੋਂ ਤੁਹਾਡੀ ਸਿਹਤ ਬਾਰੇ ਦਿੱਤੀ ਸਲਾਹ ਨੂੰ ਬਦਲਣ ਦੇ ਇਰਾਦੇ ਵਜੋਂ ਨਹੀਂ ਹੈ। ਜੇਕਰ ਤੁਸੀਂ ਆਪਣੀ ਸਿਹਤ ਬਾਰੇ ਚਿੰਤਤ ਹੋ, ਤਾਂ ਤੁਹਾਨੂੰ ਕਿਸੇ ਯੋਗਤਾ ਪ੍ਰਾਪਤ ਪ੍ਰੈਕਟੀਸ਼ਨਰ ਤੋਂ ਸਲਾਹ ਲੈਣੀ ਚਾਹੀਦੀ ਹੈ।